# ਬਾਬਾ ਫ਼ਰੀਦ ਯੂਨੀਵਰਸਿਟੀ ਆਫ਼ ਹੈੱਲਥ ਸਾਇੰਸਜ਼, ਫ਼ਰੀਦਕੋਟ।

ਪੰਜਾਬ ਸਰਕਾਰ: ਲਿਖਤੀ ਪੇਪਰ, ਉਮੀਦਵਾਰਾਂ ਲਈ ਜ਼ਰੂਰੀ ਹਿਦਾਇਤਾਂ

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਸਰਕਾਰ ਅਧੀਨ ਵਾਰਡ ਅਟੈਂਡਟ ਦੇ ਅਹੁਦੇ ਲਈ ਭਰਤੀ**

ਕੋਵਿਡ-19 ਦੀ ਸਥਿਤੀ ਦੇ ਮੱਦੇਨਜ਼ਰ, ਸਮੂਹ ਸਬੰਧਤ ਉਮੀਦਵਾਰਾਂ ਨੂੰ ਸਖਤੀ ਨਾਲ ਪਾਲਣਾ ਕਰਨ ਲਈ ਹੇਠ ਲਿਖੇ ਅਨੁਸਾਰ ਹਿਦਾਇਤਾਂ/ਸੁਝਾਅ ਦਿੱਤੇ ਜਾਂਦੇ ਹਨ:-

1. ਪ੍ਰੀਖਿਆ ਹਾਲ ਦੇ ਵਿੱਚ ਹਰ ਇਕ ਪ੍ਰੀਖਿਆਰਥੀ (ਉਮੀਦਵਾਰ) ਲਈ ਮਾਸਕ ਪਹਿਨਣਾ ਜ਼ਰੂਰੀ ਹੋਵੇਗਾ।
2. ਪੰਜਾਬ ਸਰਕਾਰ ਦੀਆਂ ਹਿਦਾਇਤਾਂ ਮੁਤਾਬਕ ਘੱਟ ਤੋਂ ਘੱਟ 3-4 ਫੁੱਟ ਦੀ ਸਮਾਜਿਕ ਦੂਰੀ ਬਣਾਕੇ ਰੱਖਣਾ ਜ਼ਰੂਰੀ ਹੈ।
3. ਉਮੀਦਵਾਰਾਂ ਨੂੰ ਪ੍ਰੀਖਿਆ ਦੌਰਾਨ ਪੀਣ ਲਈ ਪਾਣੀ ਲਿਆਉਣ ਦੀ ਇਜ਼ਾਜਤ ਹੋਵੇਗੀ।
4. ਜੇਕਰ ਕਿਸੇ ਪ੍ਰੀਖਿਆਰਥੀ (ਉਮੀਦਵਾਰ) ਨੂੰ ਕੋਵਿਡ-19 ਦੇ ਲੱਛਣ ਹੋਣ ਜਾਂ ਉਹ ਇਕਾਂਤਵਾਸ/ਆਇਸੋਲੇਸ਼ਨ ਦੇ ਪੀਰੀਅਡ ਵਿੱਚੋਂ ਲੰਘ ਰਿਹਾ ਹੋਵੇ ਤਾਂ ਉਹ ਯੂਨੀਵਰਸਿਟੀ ਨਾਲ ਤੁਰੰਤ ਸੰਪਰਕ ਕਰੇ।
5. ਕਿਸੇ ਵੀ ਪ੍ਰੀਖਿਆਰਥੀ (ਉਮੀਦਵਾਰ) ਨੂੰ ਬਿਨ੍ਹਾ ਐਡਮਿਟ ਕਾਰਡ-ਕਮ-ਰੋਲ ਨੰਬਰ ਤੋਂ ਪ੍ਰੀਖਿਆ ਕੇਂਦਰ ਵਿੱਚ ਦਾਖ਼ਲ ਹੋਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। ਪ੍ਰੀਖਿਆਰਥੀ (ਉਮੀਦਵਾਰ) ਦੀ ਪਛਾਣ ਪ੍ਰੀਖਿਆ ਦੀ ਸੁਰੂਆਤ ਤੋਂ ਪਹਿਲਾਂ ਮੇਲ ਖਾਂਦੀ ਹੋਣੀ ਚਾਹੀਦੀ ਹੈ।ਇਸ ਤੋਂ ਇਲਾਵਾ ਉਮੀਦਵਾਰ ਕੋਈ ਵੀ ਪਛਾਣ ਪੱਤਰ ਜਿਵੇਂ ਆਧਾਰ ਕਾਰਡ, ਪੈਨ ਕਾਰਡ, ਵੋਟਰ ਕਾਰਡ ਆਦਿ ਨਾਲ ਲੈ ਕੇ ਆਵੇ।
6. ਪ੍ਰੀਖਿਆਰਥੀ (ਉਮੀਦਵਾਰ) ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤੀਆਂ ਗਈਆਂ ਸਾਵਧਾਨੀਆਂ/ਰੋਕਥਾਮ ਦੇ ਸੁਝਾਵਾਂ ਦੀ ਪਾਲਣਾ ਕਰਨਗੇ।

ਹਿਦਾਇਤਾਂ

1. **ਕ੍ਰਿਪਾ ਕਰਕੇ OMR ਉੱਤਰ ਕਾਪੀ ਭਰਨ ਲਈ ਕਾਲਾ ਬਾਲ ਪਿੰਨ ਆਪਣਾ ਨਾਲ ਲੈ ਕੇ ਆਵੇ।ਉਮੀਦਵਾਰ ਆਪਣੇ ਨਾਲ ਕਾਰਡ ਬੋਰਡ (ਗੱਤਾ) /ਪੇਪਰ ਬੋਰਡ ਅਤੇ ਕਾਲਾ ਪੈਨ ਨਾਲ ਲੈ ਆਉਣ।**
2. ਗ਼ਲਤ ਉੱਤਰ ਲਈ ਕੋਈ ਨੈਗਟਿਵ ਮਾਰਕਿੰਗ ਨਹੀਂ ਹੋਵੇਗੀ, ਹਾਲਾਂਕਿ ਸੁਰੱਖਿਆ ਕਾਰਨਾਂ ਕਰਕੇ ਪੰਜਵਾਂ ਗੋਲਾ (oval) ਵੀ ਦਿੱਤਾ ਗਿਆ ਹੈ। ਜਿਹੜੇ ਪ੍ਰਸ਼ਨਾਂ ਦੇ ਉੱਤਰ ਨਹੀਂ ਦੇਣਾ ਚਾਹੁੰਦੇ, ਉਨ੍ਹਾਂ ਲਈ ਪੰਜਵੇਂ ਗੋਲੇ (oval) ਨੂੰ ਕਾਲੇ ਪਿੰਨ ਨਾਲ ਭਰ ਦਿੱਤਾ ਜਾਵੇ, ਨਹੀਂ ਤਾਂ ਜੇਕਰ ਸਾਰੇ ਗੋਲੇ (oval) ਖਾਲੀ ਰਹਿ ਜਾਂਦੇ ਹਨ ਤਾਂ ਇਹ ਸਵਾਲ ਨੂੰ ਨੈਗਟਿਵ ਨਿਸ਼ਾਨ ਵਜੋਂ ਲੈ ਲਵੇਗਾ ਅਤੇ $^{1/4}$ ਅੰਕ ਕੱਟ ਲਏ ਜਾਣਗੇ। ਹਾਲਾਂਕਿ ਉਮੀਦਵਾਰ ਦੇ ਹੱਕ ਵਿੱਚ ਹੈ ਕਿ ਕਿਸੇ ਵੀ ਪ੍ਰਸ਼ਨ ਵਿੱਚ ਗੋਲੇ ਨੂੰ ਖਾਲੀ ਨਾ ਛੱਡਿਆ ਜਾਵੇ ਅਤੇ ਪੰਜਾਂ ਵਿੱਚੋਂ ਇਕ ਗੋਲੇ ਨੂੰ ਜ਼ਰੂਰ ਭਰਿਆ ਜਾਵੇ।
4. ਪ੍ਰਸ਼ਨ ਪੁਸਤਿਕਾ ਨੂੰ ਉਦੋਂ ਤੱਕ ਨਾ ਖੋਲ੍ਹੋ, ਜਦ ਤਕ ਤੁਹਾਨੂੰ ਖੋਲ੍ਹਣ ਲਈ ਕਿਹਾ ਨਾ ਜਾਵੇ।

5. ਪ੍ਰਸ਼ਨ ਪੁਸਤਿਕਾ ਅਤੇ OMR ਉੱਤਰ ਕਾਪੀ ’ਤੇ ਲਿਖੀਆਂ ਹਿਦਾਇਤਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਫਿਰ ਸਬੰਧਤ ਕਾਲਮਾਂ ਨੂੰ ਭਰੋ। ਪ੍ਰਸ਼ਨ ਪੁਸਤਿਕਾ ’ਤੇ ਆਪਣਾ ਰੋਲ ਨੰਬਰ ਭਰਨਾ ਜ਼ਰੂਰੀ ਹੈ। OMR ਉੱਤਰ ਕਾਪੀ ’ਤੇ ਉਮੀਦਵਾਰ ਵੱਲੋਂ ਦੋ ਜਗ੍ਹਾ ’ਤੇ ਰੋਲ ਨੰਬਰ ਲਿਖਿਆ ਜਾਣਾ ਜ਼ਰੂਰੀ ਹੈ। OMR ਉੱਤਰ ਕਾਪੀ ’ਤੇ ਗੋਲਿਆਂ ਵਿੱਚ ਵੀ ਰੋਲ ਨੰਬਰ ਭਰਿਆ ਜਾਣਾ ਜਰੂਰੀ ਹੈ।

6. ਪ੍ਰੀਖਿਆਰਥੀ ਪ੍ਰਮਾਣਿਤ ਐਡਮਿਟ ਕਾਰਡ ਉਦੋਂ ਤੱਕ ਆਪਣੇ ਕੋਲ ਰੱਖਣ, ਜਦੋਂ ਤੱਕ ਪ੍ਰੀਖਿਅਕ/ਸੈਂਟਰ ਸੁਪਰਡੈਂਟ ਤੁਹਾਡੇ ਕੋਲ ਆ ਕੇ ਹਾਜ਼ਰੀ ਸੀਟ ’ਤੇ ਫੋਟੋ ਦੇ ਨਾਲ ਪ੍ਰੀਖਿਆਰਥੀ ਦੀ ਤਸਦੀਕ ਨਹੀਂ ਕਰਦੇ ਅਤੇ ਇਹ ਨਿਸ਼ਚਿਤ ਨਹੀਂ ਕਰ ਲੈਂਦੇ ਪ੍ਰੀਖਿਆਰਥੀ ਦਾ ਨਾਮ ਅਤੇ ਰੋਲ ਨੰ: ਸਹੀ ਪਾਇਆ ਗਿਆ ਹੈ।

7. ਜਦੋਂ ਤੁਹਾਨੂੰ ਪ੍ਰਸ਼ਨ ਪੁਸਤਿਕਾ ਖੋਲ੍ਹਣ ਲਈ ਕਿਹਾ ਜਾਵੇਗਾ ਤਾਂ ਇਹ ਚੈੱਕ ਕਰ ਲੈਣਾ ਤੁਹਾਡੀ ਜ਼ਿਮੇਵਾਰੀ ਹੋਵੇਗੀ ਕਿ ਪ੍ਰਸ਼ਨ ਪੁਸਤਿਕਾ ਦਾ ਕੋਈ ਪੰਨਾ ਗੁੰਮ ਤਾਂ ਨਹੀਂ ਜਾਂ ਕੋਈ ਪੰਨਾ ਅਜਿਹਾ ਤਾਂ ਨਹੀਂ ਜਿਸ ’ਤੇ ਪ੍ਰਿੰਟ ਸਾਫ਼ ਨਜ਼ਰ ਨਹੀਂ ਆ ਰਿਹਾ।

8. ਪ੍ਰਸ਼ਨਾ ਦੇ ਉੱਤਰ,ਉੱਤਰ ਕਾਪੀ ’ਤੇ ਦਿੱਤੇ ਗਏ ਗੋਲੇ ਕਾਲੇ ਪਿੰਨ ਨਾਲ ਭਰੇ ਜਾਣ। ਉੱਤਰ ਕਾਪੀ ਨੂੰ ਸਾਫ਼ ਰੱਖਿਆ ਜਾਵੇ ਅਤੇ ਇਸ ਨੂੰ ਖਰਾਬ ਨਾ ਕੀਤਾ ਜਾਵੇ ਅਤੇ ਇਸਤੇ ਕੁਝ ਵੀ ਲਿਖਿਆ ਨਾ ਜਾਵੇ।

9. ਕ੍ਰਿਪਾ ਕਰਕੇ ਆਪਣੇ ਨਾਲ ਕੋਈ ਵੀ ਕਿਤਾਬ, ਮੋਬਾਇਲ, ਰੇਡੀਓ ਅਤੇ ਪੇਜਰ ਨਾ ਲਿਆਂਦਾ ਜਾਵੇ।ਜੇਕਰ ਪ੍ਰੀਖਿਆਰਥੀ ਇਨ੍ਹਾਂ ਨਿਯਮਾਂ ਦੀ ਉਲੰਘਣਾ ਕਰਦਾ ਹੈ ਤਾਂ ਉਸ ਦੀ ਪ੍ਰੀਖਿਆ ਰੱਦ ਕਰ ਦਿੱਤੀ ਜਾਵੇਗੀ।

10. ਪ੍ਰੀਖਿਆ ਦੇ ਸਮੇਂ ਦੌਰਾਨ (2 ਵਜੇ ਤੱਕ ਤੱਕ) ਕਿਸੇ ਵੀ ਉਮੀਦਵਾਰ ਨੂੰ ਪ੍ਰੀਖਿਆ ਸਥਾਨ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੋਵੇਗੀ।

11. ਪ੍ਰੀਖਿਆ ਦੌਰਾਨ ਸਮੇਂ ਤੋਂ ਪਹਿਲਾਂ ਪ੍ਰੀਖਿਆ ਕੇਂਦਰ ਛੱਡਣ ਲਈ ਪ੍ਰਖਿਅਕਾਂ ਨੂੰ ਵਾਰ-ਵਾਰ ਪੁੱਛ ਕੇ ਪ੍ਰੀਖਿਆ ਦੇ ਰਹੇ ਹੋਰ ਪ੍ਰੀਖਿਆਰਥੀਆਂ ਨੂੰ ਪ੍ਰੇਸ਼ਾਨ ਨਾ ਕਰੋ।

12. ਉੱਤਰ ਕਾਪੀ ਉੱਤੇ ਕੱਟ ਕੇ ਦੁਬਾਰਾ ਲਿਖਣਾ, ਕੱਟਣਾ, ਮਿਟਾਉਣ ਨਾਲ ਫ਼ਾਰਮ ਰੱਦ ਹੋ ਸਕਦਾ ਹੈ, ਜਿਸ ਦੀ ਜ਼ਿਮੇਵਾਰੀ ਪ੍ਰੀਖਿਆਰਥੀ ਦੀ ਹੋਵੇਗੀ।

13. ਪ੍ਰਸ਼ਨ ਪੁਸਤਕਾ ਦੇ ਦੋਵੇਂ ਪਾਸੇ ਛੱਡੇ ਗਏ ਹਾਸ਼ੀਏ ਨੂੰ ਜਾਂ ਪ੍ਰਸ਼ਨ ਪੁਸਤਕਾ ਦੇ ਆਖਰੀ ਪੰਨਾ ਹੀ ਰਫ਼ ਕੰਮ ਲਈ ਵਰਤਿਆ ਜਾਵੇ।

14. ਪ੍ਰੀਖਿਆ ਕੇਂਦਰ ਵਿੱਚ ਸਿਗਰਟਨੋਸ਼ੀ ਦੀ ਸ਼ਖਤੀ ਨਾਲ ਮਨਾਹੀ ਹੈ।

15. ਪ੍ਰਖਿਆ ਸਥਾਨ ’ਤੇ ਬਣੇ ਕਮਰਿਆਂ ਵਿੱਚ ਚਾਹ, ਕੌਫੀ, ਕੋਲਡ ਡਰਿੰਕਸ ਆਦਿ ਨੂੰ ਲੈ ਕੇ ਆਉਣ ਦੀ ਮਨਾਹੀ ਹੈ।

16. ਕੈਲਕੁਲੇਟਰ/ਬਿਜਲਈ ਯੰਤਰ ਵਰਤਣ ਦੀ ਸਖਤ ਮਨਾਹੀ ਹੈ।

17. ਜੇਕਰ ਪ੍ਰੀਖਿਆਰਥੀ ਨਾਜਇਜ਼/ਗ਼ਲਤ ਤਰੀਕੇ ਨਾਲ ਪ੍ਰਖਿਆ ਦਿੰਦਾ ਪਾਇਆ ਜਾਂਦਾ ਹੈ ਤਾ ਉਸਦੀ ਪ੍ਰੀਖਿਆ ਰੱਦ ਕਰ ਦਿੱਤੀ ਜਾਵੇਗੀ ਅਤੇ ਭਵਿੱਖ ਵਿੱਚ ਹੋਰ ਭਰਤੀ ਪ੍ਰੀਖਿਆਵਾਂ ਦੇਣ ਉੱਤੇ ਕੁਝ ਸਮੇਂ ਲਈ ਜਾਂ ਪੱਕੇ ਤੌਰ ਉੱਤੇ ਪਾਬੰਦੀ ਲਾਈ ਜਾ ਸਕਦੀ ਹੈ। ਇਸ ਸਬੰਧੀ ਯੂਨੀਵਰਸਿਟੀ ਦਾ ਫੈਸਲਾ ਅੰਤਿਮ ਹੋਵੇਗਾ।

18. ਪ੍ਰੀਖਿਆਰਥੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਪ੍ਰੀਖਿਆ ਸਥਾਨ ’ਤੇ ਕੁਝ ਵੀ ਅਜਿਹਾ ਨਾ ਲਿਖਿਆ ਜਾਵੇ ਜਿਸ ਦਾ ਸਬੰਧ ਪ੍ਰੀਖਿਆ ਨਾਲ ਹੋਵੇ।

19. ਪੇਪਰ ਦੇ ਦੌਰਾਨ ਪ੍ਰੀਖਿਅਕ ਹਰੇਕ ਪ੍ਰੀਖਿਆਰਥੀ ਪਾਸ ਜਾ ਕੇ ਹਾਜ਼ਰੀ ਸੀਟ ’ਤੇ ਅੰਗੂਠੇ ਦਾ ਨਿਸ਼ਾਨ ਅਤੇ ਦਸਤਖਤ ਕਰਵਾਉਣ ਲਈ ਆਵੇਗਾ। ਪੁਰਸ਼ ਪ੍ਰੀਖਿਆਰਥੀ ਪ੍ਰਸ਼ਨ ਪੁਸਤਿਕਾ ਅਤੇ ਉੱਤਰ ਕਾਪੀ ’ਤੇ ਆਪਣੇ ਖੱਬੇ ਹੱਥ ਦੇ ਅੰਗੂਠੇ ਅਤੇ ਮਹਿਲਾ ਪ੍ਰੀਖਿਆਰਥੀ ਆਪਣੇ ਸੱਜੇ ਹੱਥ ਦੇ ਅੰਗੂਠੇ ਦੇ ਨਿਸ਼ਾਨ ਦੇਣਗੇ। ਪ੍ਰੀਖਿਆਰਥੀ ਅਤੇ ਪ੍ਰੀਖਿਅਕ ਪ੍ਰਸ਼ਨ ਪੁਸਤਿਕਾ, ਉੱਤਰ ਕਾਪੀ ਅਤੇ ਹਾਜ਼ਰੀ ਸੀਟ ’ਤੇ ਦਰਸਾਈ ਗਈ ਜਗ੍ਹਾ ’ਤੇ ਆਪਣੇ ਦਸਤਖਤ ਕਰਨਗੇ।

20. ਪ੍ਰੀਖਿਆਰਥੀ ਲਈ ਇਹ ਅਤਿ ਜ਼ਰੂਰੀ ਹੈ ਕਿ ਉਹ ਉੱਤਰ ਕਾਪੀ ਨੰਬਰ ਧਿਆਨ ਨਾਲ ਭਰਨ।

21. ਪ੍ਰੀਖਿਆਰਥੀ ਲਈ ਅਤਿ ਜ਼ਰੂਰੀ ਹੈ ਕਿ ਪ੍ਰੀਖਿਆ ਖ਼ਤਮ ਹੋਣ ਤੋਂ ਬਾਅਦ ਪ੍ਰਸ਼ਨ ਪੁਸਤਿਕਾ ਅਤੇ ਉੱਤਰ ਕਾਪੀ ਪ੍ਰੀਖਿਅਕ ਨੂੰ ਦੇਣਾ ਯਕੀਨੀ ਬਣਾਉਣ।

22. ਪ੍ਰੀਖਿਆਰਥੀ ਇਹ ਯਕੀਨੀ ਬਣਾਉਣ ਕਿ ਉੱਤਰ ਕਾਪੀ ਨੂੰ ਫ਼ੋਲਡ, ਵਿਗਾੜਨ ਅਤੇ ਖਰਾਬ ਨਾ ਕੀਤਾ ਜਾਵੇ ਅਤੇ ਉੱਤਰ ਕਾਪੀ ’ਤੇ ਕੋਈ ਵਿਸ਼ੇਸ ਨਿਸ਼ਾਨ ਨਾ ਬਣਾਇਆ ਜਾਵੇ।

23. ਉੱਤਰ ਦੇਣ ਸਮੇਂ ਜੇਕਰ ਇਕ ਤੋਂ ਜਿਆਦਾ ਗੋਲੇ ਨੂੰ ਗੂੜ੍ਹਾ ਕੀਤਾ ਜਾਵੇਗਾ ਤਾਂ ਇਸਦਾ ਉੱਤਰ ਗ਼ਲਤ ਮੰਨਿਆ ਜਾਵੇਗਾ।

24. ਜੇਕਰ ਪ੍ਰਸ਼ਨ ਪੁਸਤਿਕਾ ਦਾ ਕੋਈ ਪੰਨਾ ਗੁੰਮ ਹੈ ਜਾਂ ਠੀਕ ਪ੍ਰਿੰਟ ਨਹੀਂ ਹੋਇਆ ਤਾਂ ਪ੍ਰੀਖਿਆ ਸ਼ੁਰੂ ਹੋਣ ਦੇ 10 ਮਿੰਟਾਂ ਦੇ ਵਿੱਚ ਵਿੱਚ ਬਦਲਿਆ ਜਾ ਸਕਦਾ ਹੈ।

...............................0...................................